ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ 19

78 ਨਮੂਨਿਆਂ ਦੀ ਰਿਪੋਰਟ ਆਈ ਨੈਗੇਟਿਵ

-ਭੇਜੇ ਗਏ 166 ਹੋਰ ਨਵੇਂ ਨਮੂਨੇ

ਬਠਿੰਡਾ, 28 ਮਈ, ਬਠਿੰਡਾ ਜ਼ਿਲੇ ਵਿਚ ਬੀਤੇ ਦਿਨ ਭੇਜੇ 78 ਨਮੂਨਿਆਂ ਦੀ ਜਾਂਚ ਰਿਪੋਰਟ ਨੈਗੇਟਿਵ ਪ੍ਰਾਪਤ ਹੋਈ ਹੈ। ਇਹ ਜਾਣਕਾਰੀ ਜ਼ਿਲੇ ਦੇ ਡਿਪਟੀ ਕਮਿਸ਼ਨਰ ਸ੍ਰੀ ਬੀ ਸ੍ਰੀਨਿਵਾਸਨ ਨੇ ਦਿੱਤੀ। ਉਨਾਂ ਨੇ ਇਹ ਵੀ ਦੱਸਿਆ ਕਿ ਕੱਲ 166 ਹੋਰ ਨਵੇਂ ਨਮੂਨੇ ਲਏ ਗਏ ਹਨ।

ਡਿਪਟੀ ਕਮਿਸ਼ਨਰ ਨੇ ਜ਼ਿਲੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਰੋਨਾ ਤੋਂ ਬਚਾਅ ਸਬੰਧੀ ਸਾਵਧਾਨੀਆਂ ਵਰਤੀਆਂ ਜਾਣ। ਆਪਣੇ ਕੰਮਾਂ ਆਦਿ ਲਈ ਜਾਣ ਸਮੇਂ ਮੂੰਹ ਤੇ ਮਾਸਕ ਜ਼ਰੂਰ ਪਾਇਆ ਜਾਵੇ, ਹੱਥ ਮਿਲਾਉਣ ਤੋਂ ਪ੍ਰਹੇਜ਼ ਕੀਤਾ ਜਾਵੇ ਅਤੇ ਹੱਥਾਂ ਨੂੰ ਸਾਫ਼ ਕਰਨ ਲਈ ਸਮੇਂ-ਸਮੇਂ ਸੈਨੇਟਾਈਜ਼ਰ ਵਰਤਿਆ ਜਾਵੇ।

I/28340/2020

Scanned by CamScanner

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਬਠਿੰਡਾ

ਕੋਵਿਡ-19

ਕਰੋਨਾ ਸਬੰਧੀ 82 ਨਵੇਂ ਸੈਂਪਲ ਲਏ ਗਏ : ਡਿਪਟੀ ਕਮਿਸ਼ਨਰ

ਮੌਜੂਦਾ ਸਮੇਂ ਜ਼ਿਲੇ ਭਰ 'ਚ ਸਿਰਫ਼ 1 ਕੇਸ ਹੈ ਐਕਟਿਵ

43 ਮਰੀਜ਼ ਠੀਕ ਹੋਣ ਉਪਰੰਤ ਘਰੋ-ਘਰੀਂ ਪਹੁੰਚੇ

252 ਰਿਪੋਰਟਾਂ ਦਾ ਨਤੀਜਾ ਆਉਣਾ ਬਾਕੀ

ਬਠਿੰਡਾ, 28 ਮਈ (                ) : ਜਿਲੇ ਵਿਚ ਅੱਜ ਕਰੋਨਾ ਸਬੰਧੀ 82 ਨਵੇਂ ਸੈਂਪਲ ਲਏ ਗਏ ਹਨ। ਹੁਣ ਤੱਕ ਲਏ ਗਏ ਕੁੱਲ 2762 ਸੈਂਪਲਾਂ 'ਚੋਂ 2353 ਸੈਂਪਲਾਂ ਦੀ ਨੈਗੇਟਿਵ ਰਿਪੋਰਟ ਪ੍ਰਾਪਤ ਹੋ ਚੁੱਕੀ ਹੈ, ਜਦਕਿ 252 ਸੈਂਪਲਾਂ ਦੀ ਰਿਪੋਰਟ ਅਜੇ ਆਉਣੀ ਬਾਕੀ ਹੈ। ਇਹ ਜਾਣਕਾਰੀ ਜਿਲੇ ਦੇ ਡਿਪਟੀ ਕਮਿਸਨਰ ਸ੍ਰੀ ਬੀ ਸ੍ਰੀਨਿਵਾਸਨ ਨੇ ਦਿੱਤੀ ਹੈ।

ਡਿਪਟੀ ਕਮਿਸ਼ਨਰ ਨੇ ਹੋਰ ਦੱਸਿਆ ਕਿ ਜ਼ਿਲਾ ਵਾਸੀਆਂ ਲਈ ਰਾਹਤ ਦੀ ਗੱਲ ਇਹ ਹੈ ਕਿ ਹੁਣ ਤੱਕ ਜ਼ਿਲੇ ਭਰ 'ਚ ਆਏ ਕੁੱਲ 44 ਪੋਜੈਟਿਵ ਕੇਸਾਂ ਵਿੱਚੋਂ 43 ਵਿਅਕਤੀ ਠੀਕ ਹੋ ਕੇ ਆਪੋ-ਆਪਣੇ ਘਰੀਂ ਪਹੰੁਚ ਚੁੱਕੇ ਹਨ। ਜ਼ਿਲੇ ਅੰਦਰ ਹੁਣ ਸਿਰਫ਼ 1 ਕੇਸ ਹੀ ਪੋਜੈਟਿਵ ਹੈ।

ਡਿਪਟੀ ਕਮਿਸਨਰ ਨੇ ਜਿਲੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਕਰੋਨਾ ਤੋਂ ਬਚਾਅ ਸਬੰਧੀ ਸਮੇਂ-ਸਮੇਂ ਜਾਰੀ ਕੀਤੇ ਜਾ ਰਹੇ ਹੁਕਮਾਂ ਦੀ ਪਾਲਣਾ ਕਰਨਾ ਯਕੀਨੀ ਬਨਾਉਣ ਤਾਂ ਜੋ ਇਸ ਇਸ ਮਹਾਂਮਾਰੀ ਖਿਲਾਫ਼ ਵਿੱਢੀ ਜੰਗ ਨੂੰ ਜਿੱਤਿਆ ਜਾ ਸਕੇ।

I/28586/2020

Scanned by CamScanner